# ਨੋਟਿਸ

ਜ਼ਿਲ੍ਹਾ ਕਪੂਰਥਲਾ ਵਿੱਚ ਮਗਨਰੇਗਾ ਸਕੀਮ ਅਧੀਨ ਇਕ ਸਾਲ ਲਈ ਪੂਰੀ ਤਰਾਂ ਠੇਕੇ ਦੇ ਅਧਾਰ ਤੇ ਕੰਮ ਕਰਨ ਲਈ ਵੱਖ-ਵੱਖ ਅਸਾਮੀਆਂ ਦੀ ਭਰਤੀ ਲਈ ਮਿਤੀ 02.10.2020 ਨੂੰ ਪ੍ਰਮੁੱਖ ਅਖਬਾਰਾ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ।

ਇਹਨਾਂ ਅਸਾਮੀਆਂ ਵਿਚੋਂ 21 ਗ੍ਰਾਮ ਰੁਜਗਾਰ ਸੇਵਕਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਮਿਤੀ 23.03.2021 ਤੋਂ 31.03.2021 ਤੱਕ ਇੰਟਰਵਿਊ ਲਈ ਜਾਣੀ ਹੈ। ਉਮੀਦਵਾਰਾਂ ਦੇ ਨਾਮ ਅਤੇ ਉਹਨਾਂ ਦੀ ਜਿਸ ਮਿਤੀ ਨੂੰ ਇੰਟਰਵਿਊ ਲਈ ਜਾਣੀ ਹੈ, ਸਬੰਧੀ ਨੋਟਿਸ ਵੈਬਸਾਈਟ ਤੇ ਪਬਲਿਸ਼ ਕਰ ਦਿੱਤਾ ਜਾਵੇਗਾ।

ਉਮੀਦਵਾਰਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵੈਬਸਾਈਟ ਤੇ ਇੰਟਰਵਿਊ ਲਈ ਦਿੱਤੀ ਮਿਤੀ ਅਨੁਸਾਰ ਹੀ ਦਫਤਰ ਵਧੀਕ ਡਿਪਟੀ ਕਮਿਸ਼ਨਰ(ਵਿ), ਪਹਿਲੀ ਮੰਜਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਪੂਰਥਲਾ ਵਿਖੇ ਸਵੇਰੇ 10.00 ਵਜੇ ਹਾਜਿਰ ਹੋਇਆ ਜਾਵੇ। ਉਮੀਦਵਾਰਾ ਵਲੋਂ ਇੰਟਰਵਿਊ ਸਮੇਂ ਅਸਲ ਦਸਤਾਵੇਜ਼ ਨਾਲ ਲਿਆਂਦੇ ਜਾਣ।

ਗਜਟਿਡ ਛੁੱਟੀ ਵਾਲੇ ਦਿਨ ਇੰਟਰਵਿਊ ਨਹੀ ਲਈ ਜਾਵੇਗੀ। ਉਮੀਦਵਾਰਾ ਨੂੰ ਇੰਟਰਵਿਊ ਲਈ ਆਉਣ ਜਾਣ ਦਾ ਵੱਖਰੇ ਤੌਰ ਤੇ ਕੋਈ ਟੀ.ਏ./ਡੀ.ਏ. ਨਹੀ ਦਿੱਤਾ ਜਾਵੇਗਾ। ਉਮੀਦਵਾਰਾ ਨੂੰ ਇੰਟਰਵਿਊ ਦੀ ਮਿਤੀ ਬਾਰੇ ਟੈਲੀਫੋਨ ਰਾਹੀਂ ਜਾਂ ਪੱਤਰ ਰਾਹੀਂ ਵੱਖਰੇ ਤੌਰ ਸੂਚਿਤ ਨਹੀ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ(ਵਿ)
ਕਪੂਰਥਲਾ